# ਇਮੀਗਰੇਸ਼ਨ ਸਹਾਇਤਾ ਸੇਵਾ ਪਰਦਾਤਾਵਾਂ ਦੇ ਸਬੰਧ ਵਿੱਚ ਉਪਭੋਗਤਾ ਬਿੱਲ ਆਫ਼ ਰਾਈਟਸ (ਅਧਿਕਾਰਾਂ ਦਾ ਬਿੱਲ)

*ਇਮੀਗਰੇਸ਼ਨ ਸਹਾਇਤਾ ਸੇਵਾ ਪਰਦਾਤਾ ਉਹ ਲੋਕ ਜਾਂ ਕਾਰੋਬਾਰ ਹਨ ਜੋ ਕਿਸੇ ਵੀ ਕਿਸਮ ਦੇ ਇਮੀਗਰੇਸ਼ਨ-ਸਬੰਧਤ ਸੇਵਾਵਾਂ ਲਈ ਫੀਸ ਵਸੂਲ ਕਰਦੇ ਹਨ। ਉਹ ਵਕੀਲ ਨਹੀਂ ਹਨ ਅਤੇ ਆਮ ਤੌਰ 'ਤੇ ਯੂ.ਐਸ. ਡਿਪਾਰਟਮੈਂਟ ਆਫ਼ ਜਸਟਿਸ (U.S. Department of Justice) ਦੁਆਰਾ ਪਰਵਾਨਤ ਜਾਂ ਮਾਨਤਾ ਪਰਾਪਤ ਨਹੀਂ ਹੁੰਦੇ।*

**ਉਹ ਨਹੀਂ ਕਰ ਸਕਦੇ:**

- ਇਮੀਗਰੇਸ਼ਨ ਸਬੰਧਤ ਲਾਭਾਂ ਲਈ ਸਰਕਾਰੀ ਏਜੰਸੀ ਫਾਰਮ ਚੁਣਨ ਬਾਰੇ ਸਲਾਹ ਦੇਣ ਸਮੇਤ, ਕਿਸੇ ਇਮੀਗਰੇਸ਼ਨ ਮਾਮਲੇ ਬਾਰੇ ਕੋਈ ਵੀ ਕਾਨੂੰਨੀ ਸਲਾਹ ਦੇਣਾ।
- ਅਦਾਲਤ ਵਿੱਚ ਜਾਂ ਸੰਘੀ ਸਰਕਾਰ ਜਾਂ ਕਿਸੇ ਇਮੀਗਰੇਸ਼ਨ ਅਥਾਰਿਟੀ 'ਚ ਤੁਹਾਡੀ ਨੁਮਾਇੰਦਗੀ ਕਰਨਾ।

**ਉਹ ਕਰ ਸਕਦੇ ਹਨ**

- ਅਨੁਵਾਦ ਸੇਵਾਵਾਂ ਪਰਦਾਨ ਕਰਨਾ।
- ਦਸਤਾਵੇਜ਼ ਇਕੱਠੇ ਕਰਨ ਵਿੱਚ ਤੁਹਾਡੀ ਮਦਦ ਕਰਨਾ।
- ਤੁਹਾਡੀ ਅਰਜ਼ੀ ਲਈ ਦਸਤਾਵੇਜ਼ਾਂ ਦੀ ਫੋਟੋਕਾਪੀ ਕਰਨਾ।

## ਜੇ ਤੁਸੀ ਕਿਸੇ ਇਮੀਗਰੇਸ਼ਨ ਸਹਾਇਤਾ ਸੇਵਾ ਪਰਦਾਤਾ ਦੀ ਵਰਤੋਂ ਕਰਦੇ ਹੋ, ਤਾਂ ਤੁਹਾਨੂੰ ਇਹ ਪਰਾਪਤ ਕਰਨ ਦਾ ਅਧਿਕਾਰ ਹੈ:

- **ਇੱਕ ਲਿਖਤ ਇਕਰਾਰਨਾਮਾ।** ਪਰਦਾਤਾ ਨੂੰ ਤੁਹਾਡੇ ਲਈ ਇਕਰਾਰਨਾਮਾ ਸਪਸ਼ਟ ਕਰਨਾ ਅਤੇ ਕਿਸੇ ਵੀ ਸਵਾਲ ਦਾ ਜਵਾਬ ਦੇਣਾ ਜ਼ਰੂਰੀ ਹੈ। ਇਕਰਾਰਨਾਮਾ ਜ਼ਰੂਰ ਹੋਣਾ ਚਾਹੀਦਾ ਹੈ:
  - ਸਾਦੀ ਅੰਗਰੇਜ਼ੀ ਵਿੱਚ ਅਤੇ ਕਿਸੇ ਅਜਿਹੀ ਭਾਸ਼ਾ ਵਿੱਚ ਜਿਸ ਬਾਰੇ ਪਰਦਾਤਾ ਨੇ ਤੁਹਾਡੇ ਨਾਲ ਸੇਵਾਵਾਂ ਦੀ ਚਰਚਾ ਕੀਤੀ ਸੀ।
  - ਸਾਰੀਆਂ ਸੇਵਾਵਾਂ ਦੀ ਸੂਚੀ ਬਣਾਉਣਾ ਜੋ ਤੁਸੀ ਪਰਾਪਤ ਕਰ ਰਹੇ ਹੋ ਅਤੇ ਹਰੇਕ ਸੇਵਾ ਲਈ ਮਦਵਾਰ ਫੀਸ ਅਤੇ ਕੀਮਤ ਦੱਸਣਾ।
  - ਇਕ ਵੱਖਰੇ ਅੰਤਮ ਪੇਜ 'ਤੇ ਇਕਰਾਰਨਾਮੇ "ਰੱਦ ਕਰਨ ਦੇ ਫਾਰਮ" (Cancellation Form) ਨੂੰ ਸ਼ਾਮਲ ਕਰਨਾ।
  - ਦਸਤਖਤ ਕਰਨਾ।
- **ਇੱਕ ਰਸੀਦ।** ਪਰਦਾਤੇ ਨੂੰ ਤੁਹਾਨੂੰ ਇੱਕ ਰਸੀਦ ਦੇਣਾ ਜ਼ਰੂਰੀ ਹੈ ਜਿਸ ਵਿੱਚ ਸ਼ਾਮਲ ਹਨ:
  - ਤਾਰੀਖ:
  - ਪਰਦਾਤਾ ਦਾ ਕਾਨੂੰਨੀ ਨਾਂ ਅਤੇ ਪਤਾ
  - ਹਰੇਕ ਸੇਵਾ ਲਈ ਤੁਸੀ ਜਿਸ ਪੈਸੇ ਦਾ ਭੁਗਤਾਨ ਕੀਤਾ ਹੈ ਉਸਦਾ ਵੇਰਵਾ।
  - ਟੈਕਸ ਦੀ ਰਕਮ, ਜੇ ਕੋਈ ਹੈ
  - ਕੁੱਲਹ੍ ਅਦਾ ਕੀਤੀ ਗਈ ਰਕਮ
- **ਰਿਫੰਡ।** ਕਿਸੇ ਪਰਦਾਤਾ ਨਾਲ ਇਕਰਾਰਨਾਮਾ ਕਰਨ ਦੇ ਤਿੰਨ (3) ਦਿਨ ਦੇ ਅੰਦਰ, ਤੁਸੀ ਬਿਨਾਂ ਕਿਸੇ ਜੁਰਮਾਨੇ ਦੇ ਰੱਦ ਕਰ ਸਕਦੇ ਹੋ ਅਤੇ ਆਪਣੇ ਪੈਸੇ ਦਾ 100% ਵਾਪਸ ਪਰਾਪਤ ਕਰ ਸਕਦੇ ਹੋ ਜਦੋਂ ਤੱਕ ਕਿ *ਤੁਸੀ ਕਿਸੇ ਖਾਸ, ਜ਼ਰੂਰੀ ਐਮਰਜੈਂਸੀ ਸਮੱਸਿਆ ਦੇ ਕਾਰਨ ਲਿਖਤ ਵਿੱਚ ਇਹ ਹੱਕ ਛੱਡ ਨਾ ਦਿੱਤਾ ਹੋਵੇ।* ਕਿਸੇ ਵੀ ਸਮੇਂ, ਤੁਸੀ ਰੱਦ ਕਰ ਸਕਦੇ ਹੋ ਅਤੇ ਉਨਹ੍ਹਾਂ ਸੇਵਾਵਾਂ ਲਈ ਆਪਣੇ ਪੈਸੇ ਵਾਪਸ ਲੈ ਸਕਦੇ ਹੋ ਜਿਹਨਾਂ ਤੇ ਪਰਦਾਤਾ ਨੇ ਕੋਈ ਕਾਰਵਾਈ ਨਹੀ ਕੀਤੀ ਜਾਂ ਜਿਨਹ੍ਹਾਂ ਦੇ ਖਰਚੇ ਦਾ ਤੁਹਾਡੇ ਵੱਲੋਂ ਭੁਗਤਾਨ ਨਹੀ ਕੀਤਾ। ਜੇ ਤੁਸੀ ਇਕਰਾਰਨਮੇ ਨੂੰ ਰੱਦ ਕਰਦੇ ਹੋ, ਤਾਂ ਪਰਦਾਤਾ ਨੂੰ ਲਾਜ਼ਮੀ ਤੌਰ 'ਤੇ ਤੁਹਾਡੇ ਸਾਰੇ ਅਸਲੀ ਦਸਤਾਵੇਜ਼ ਵਾਪਸ ਕਰਨੇ ਪੈਣਗੇ।
- **ਮੁਫ਼ਤ ਸਰਕਾਰੀ ਫਾਰਮ।** ਸੰਘੀ ਇਮੀਗਰੇਸ਼ਨ ਫਾਰਮ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ਼ (U.S. Citizenship and Immigration Services, USCIS) ਦੀ ਵੈਬਸਾਈਟ **uscis.gov**'ਤੇ ਉਪਲਬਧ ਹਨ। ਕਿਸੇ ਪਰਦਾਤਾ ਲਈ ਤੁਹਾਨੂੰ ਮੁਫਤ ਸਰਕਾਰੀ ਫਾਰਮਾਂ ਲਈ ਚਾਰਜ ਕਰਨਾ ਗ਼ੈਰ ਕਾਨੂੰਨੀ ਹੈ।
- **ਤੁਹਾਡੀ ਫਾਈਲ ਲਈ ਕਾਗਜ਼ੀ ਕਾਰਵਾਈਆਂ ਦੀਆਂ ਕਾਪੀਆਂ।** ਪਰਦਾਤਾ ਤੁਹਾਨੂੰ ਸਾਰੇ ਕਾਗਜ਼ਾਂ ਅਤੇ ਤੁਹਾਡੇ ਲਈ ਤਿਆਰ ਕੀਤੇ ਫ਼ਾਰਮ ਦੀਆਂ ਕਾਪੀਆਂ ਦੇਣੀਆਂ ਜ਼ਰੂਰੀ ਹਨ ਜਦੋਂ ਤੁਸੀ ਉਹਨਾਂ ਤੋਂ ਮੰਗ ਕਰਦੇ ਹੋ ਅਤੇ ਇਹ ਬਿਨਾਂ ਕਿਸੇ ਚਾਰਜ ਦੇ ਦੇਣਾ ਜ਼ਰੂਰੀ ਹੈ। ਪਰਦਾਤਾ ਦਾ ਪਰਸਤੁਤ ਕੀਤੇ ਜਾਣ ਜਾਂ ਪਰਾਪਤ ਹੋਣ ਦੇ ਦੋ ਹਫਤਿਆਂ ਦੇ ਅੰਦਰ-ਅੰਦਰ ਕਿਸੇ ਸਰਕਾਰੀ ਸੰਸਥਾ ਨੂੰ ਜਮਹ੍ਹਾਂ ਕਰਾਏ ਜਾਂ ਉਸ ਤੋਂ ਪਰਾਪਤ ਕੀਤੇ ਦਸਤਾਵੇਜ਼ਾਂ ਦੀ ਕਾਪੀਆਂ ਦੇਣਾ ਜ਼ਰੂਰੀ ਹੈ।
- **ਸੂਚਿਤ ਰਹੋ।** ਪਰਦਾਤਾ ਦੁਆਰਾ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਡੇ ਵਲੋਂ ਦਸਤਾਵੇਜ਼ਾਂ ਦਾ ਖੁਲਾਸਾ ਨਾ ਕਰਨਾ ਜਾਂ ਦਸਤਾਵੇਜ਼ ਜਮਹ੍ਹਾਂ ਨਹੀ ਕਰਾਉਣੇ ਜ਼ਰੂਰੀ ਹਨ, ਜਦੋਂ ਤਕ ਕਿ ਅਜਿਹਾ ਖੁਲਾਸਾ ਜਾਂ ਪਰਸੁਤੁਤੀ ਕਾਨੂੰਨ ਦੁਆਰਾ ਜ਼ਰੂਰੀ ਨਾ ਹੋਵੇ। ਜੇ ਪਰਦਾਤਾ ਨੂੰ ਲਾਜ਼ਮੀ ਤੌਰ 'ਤੇ ਕੋਈ ਸਬਮਿਸ਼ਨ ਜਾਂ ਖੁਲਾਸਾ ਕਰਨ ਦੀ ਕਾਨੂੰਨ ਦੁਆਰਾ ਮੰਗ ਕੀਤੀ ਜਾਂਦੀ ਹੈ, ਤਾਂ ਪਰਦਾਤਾ ਦਾ ਤੁਹਾਨੂੰ ਲਿਖਤ ਵਿੱਚ ਦੱਸਣਾ ਜ਼ਰੂਰੀ ਹੈ।
- **ਪੈਸੇ ਜੇ ਤੁਹਾਨੂੰ ਪਰਦਾਤਾ ਦੁਆਰਾ ਨੁਕਸਾਨ ਪਹੁੰਚਿਆ ਹੈ।** ਪਰਦਾਤਾ ਨੂੰ ਤੁਹਾਡੀ ਸੁਰੱਖਿਆ ਲਈ ਇਕ ਬਾਂਡ ਕਾਇਮ ਰੱਖਣਾ ਜ਼ਰੂਰੀ ਹੈ। ਤੁਸੀ ਪਰਦਾਤਾ ਜਾਂ ਉਸ ਦੀ ਬਾਂਡ ਕੰਪਨੀ ਤੋਂ ਪੈਸਾ ਵਸੂਲ ਕਰਨ ਲਈ ਅਦਾਲਤ ਜਾ ਸਕਦੇ ਹੋ।

ਪਿੱਛੇ ਜਾਰੀ ਹੈ >

## ਮੁਫ਼ਤ ਕਾਨੂੰਨੀ ਰੈਫ਼ਰਲ

ਤੁਸੀ ਆਫ਼ਿਸ ਆਫ਼ ਨਿਊ ਅਮਰੀਕਨ (Office of New Americans) ਹਾੱਟਲਾਈਨ ਨੂੰ 1-800-566-7636 'ਤੇ, ਨਿਊਯਾਰਕ ਸਟੇਟ ਆਫ਼ਿਸ ਆਫ਼ ਅਟਾਰਨੀ ਜਨਰਲ (New York State Office of the Attorney General) ਨੂੰ 1-800-771-7755 'ਤੇ, ਜਾਂ ਮੁਫ਼ਤ ਕਾਨੂੰਨੀ ਰੈਫ਼ਰਲ ਲਈ ਆਪਣੇ ਸਥਾਨਕ ਜ਼ਿਲਹ੍ਹਾ ਅਟਾਰਨੀ ਜਾਂ ਇਸਤਗਾਸਾ ਨੂੰ ਕਾਲ ਕਰ ਸਕਦੇ ਹੋ।

## ਇਮੀਗਰੇਸ਼ਨ ਸੇਵਾਵਾਂ ਪਰਦਾਨ ਕਰਨ ਵਾਲੇ ਕਿਸੇ ਕਾਰੋਬਾਰ ਬਾਰੇ ਸ਼ਿਕਾਇਤ ਦਰਜ ਕਰਨ ਲਈ 311 ਨਾਲ ਸੰਪਰਕ ਕਰੋ।

ਸ਼ਿਕਾਇਤ ਕਰਨ ਲਈ ਤੁਹਾਨੂੰ ਆਪਣਾ ਨਾਮ ਜਾਂ ਆਪਣੀ ਇਮੀਗਰੇਸ਼ਨ ਸਥਿਤੀ ਬਾਰੇ ਦੱਸਣ ਦੀ ਲੋੜ ਨਹੀਂ ਹੈ। 311 ਵੱਖ-ਵੱਖ ਭਾਸ਼ਾਵਾਂ ਵਿੱਚ ਕਾਲਾਂ ਲੈ ਸਕਦਾ ਹੈ। ਤੁਸੀ **nyc.gov/dcwp** 'ਤੇ ਆਨਲਾਈਨ ਵੀ ਸ਼ਿਕਾਇਤ ਦਰਜ ਕਰ ਸਕਦੇ ਹੋ ਜਾਂ ਹੋਰ ਜਾਣਕਾਰੀ ਪਰਾਪਤ ਕਰ ਸਕਦੇ ਹੋ।

NYC Consumer and Worker Protection